# ਰਾਮ ਸਰੂਪ ਅਣਖੀ ਨੂੰ ਜਾਣਦਿਆਂ

**-ਡਾ. ਭੁਪਿੰਦਰ ਸਿੰਘ ਬੇਦੀ**
**9417061645**

ਰਾਮ ਸਰੂਪ ਅਣਖੀ ਦਾ ਨਾਂ ਤਾਂ ਪੰਜਾਬੀ ਜਗਤ ਵਿੱਚ ਧਰੂ ਤਾਰੇ ਵਾਂਗ ਚਮਕਦਾ ਹੈ। ਸਾਡੀ ਇਹ ਜਗਿਆਸਾ ਹੋਵੇਗੀ ਕਿ ਉਨ੍ਹਾਂ ਦਾ ਬਚਪਨ ਕਿਹੋ ਜਿਹਾ ਹੋਵੇਗਾ। ਰਾਮ ਸਰੂਪ ਅਣਖੀ ਦਾ ਬਚਪਨ ਬਹੁਤ ਹੀ ਦਿਲਚਸਪ ਰਿਹਾ। ਇਹ ਸ਼ਰਾਰਤਾਂ ਭਰਿਆ, ਸਕੂਲੀ ਯਾਦਾਂ ਅਤੇ ਸਾਹਿੱਤਕ ਚੇਟਕ ਨਾਲ ਪਰਪੱਕ ਵਿਚਾਰਾਂ ਦਾ ਧਾਰਨੀ ਬਣਿਆ। ਕਾਗਜ਼ਾਂ ਮੁਤਾਬਕ ਅਣਖੀ ਦਾ ਜਨਮ 28 ਅਗਸਤ 1932 ਨੂੰ ਮਾਤਾ ਸੋਧਾਂ ਜੀ ਅਤੇ ਪਿਤਾ ਇੰਦਰ ਰਾਮ ਜੀ ਦੇ ਘਰ ਪਿੰਡ ਧੌਲ਼ਾ ਵਿਖੇ ਹੋਇਆ। ਘਰ ਦਾ ਮਾਹੌਲ ਖੇਤੀ ਪੱਤੀ ਵਾਲਾ ਸੀ। ਕੋਈ 70 ਘੁਮਾਂ ਜ਼ਮੀਨ ਦੇ ਮਾਲਕ ਸਨ। ਤਿੰਨ ਖੇਤ ਵੱਖ ਵੱਖ ਦਿਸ਼ਾਵਾਂ ਵਿੱਚ- ਮਾਸੀ ਦਾ ਮੁੰਡਾ ਚੇਤ ਰਾਮ ਘਰ ਵਿੱਚ ਹੀ ਰਹਿੰਦਾ ਸੀ। ਕਈ ਭੈਣ ਭਰਾ ਹੋਏ ਪਰ ਬੱਚੇ ਤਿੰਨ ਹੀ ਵੱਡੀ ਭੈਣ ਭਾਗਵੰਤੀ, ਛੋਟਾ ਭਰਾ ਨਵਜੋਸ਼।

ਬਚਪਨ ਵਿੱਚ ਅਣਖੀ ਹਾਣੀ ਮੁੰਡਿਆਂ ਨਾਲ ਖੇਡਾਂ ਵਿੱਚ ਮਗਨ ਰਿਹਾ। ਇੱਕ ਦਿਨ ਹਥਾਈ ਵਾਲੀ ਕੋਠੜੀ ਵਿੱਚ ਖੜ੍ਹਾਏ ਪੁੱਠੇ ਹਲ਼ ਨਾਲ ਖੇਡਦੇ ਸਮੇਂ ਉਹ ਹਲ਼ ਥੱਲੇ ਆ ਡਿੱਗਿਆ। ਹੇਠਾਂ ਅਣਖੀ ਉੱਤੇ ਹਲ਼। ਹਲ਼ ਦੀ ਲੱਕੜ ਜ਼ੋਰ ਨਾਲ ਹਿੱਕ 'ਚ ਵੱਜੀ। ਬੇਹੋਸ਼ ਹੋ ਗਿਆ। ਸੁਰਤ ਆਈ ਤੱਤਾ ਤੱਤਾ ਤੌੜੀ ਦਾ ਦੁੱਧ ਪੀਤਾ। ਮਿੱਠੀਆਂ ਮਿੱਠੀਆਂ ਮਾਂ ਦੀਆਂ ਗਾਲ੍ਹਾਂ ਵੀ ਸੁਣੀਆਂ।
ਕੁਤਰੇ ਵਾਲੀ ਮਸ਼ੀਨ ਵਿੱਚ ਗੁਆਂਢ ਦੇ ਚੰਨਣ ਦੀ ਕੁੜੀ ਕਰਤਾਰੋ ਦੀਆਂ ਦੋ ਉਂਗਲਾਂ ਦਾ ਵੱਢਿਆ ਜਾਣਾ। ਮੱਝਾਂ ਚਾਰਨ ਭੇਜਣਾ। ਉੱਥੋਂ ਅਫ਼ੀਮ ਦੀ ਡੱਬੀ ਲੱਭ ਪਈ, ਨਾਲ ਦੇ ਮੁੰਡਿਆਂ ਨੂੰ ਖਵਾਈ ਅਗਵਾੜ ਵਿੱਚ ਰੌਲਾ ਪੈ ਗਿਆ। "ਬਾਹਮਣਾ ਦੇ ਸਰੂਪ ਨੇ ਮੁੰਡਿਆਂ ਨੂੰ ਫੀਮ ਖਵਾ 'ਤੀ!"ਘਰੇ ਮਾਂ ਨੇ ਖਰੀਆਂ ਖਰੀਆਂ ਸੁਣਾਈਆਂ।
"ਜਿੱਥੇ ਜਾਨੈ, ਮੈਨੂੰ ਤਪਾਉਣੇ ਹਾਏ ਵੇ ਤੈਨੂੰ.....।"
ਸਕੂਲ ਵਿੱਚ :- ਕਿਲੇ ਵਾਲੇ ਸਕੂਲ ਵਿੱਚ ਜਦ ਮਾਂ ਸੋਧਾਂ ਪਤਾਸਿਆਂ ਦੀ ਝੋਲੀ ਭਰ ਕੇ ਅਣਖੀ ਨੂੰ ਸਕੂਲ ਦਾਖਲ ਕਰਵਾਉਣ ਗਈ ਤਾਂ ਦੇਖਿਆ ਮਾਸਟਰ ਕਿਸੇ ਹੋਰ ਮੁੰਡੇ ਨੂੰ ਕੁੱਟ ਰਿਹਾ ਸੀ। ਉਸਨੇ ਅਣਖੀ ਦਾ ਅਜੇ ਨਾ ਹੀ ਲਿਖਿਆ ਸੀ। ਅਣਖੀ ਡਰਦਾ ਮਾਂ ਨਾਲ ਚਿੰਬੜ ਗਿਆ ਤੇ ਉਥੋਂ ਭੱਜ ਨਿਕਲਿਆ। ਦੂਜੇ ਦਿਨ ਬਾਪੂ ਨਾਲ ਖੇਤ ਚਲਾ ਗਿਆ। ਉੱਥੇ ਬਲਦ ਦੀ ਛੜ ਹਿੱਕ ਤੇ ਵੱਜੀ।
ਅਣਖੀ ਪਤੰਗ ਵੀ ਚੜ੍ਹਾਉਂਦੇ ਸੀ। ਇੱਕ ਵਾਰ ਪੇਚਾ ਪਾਉਂਦੇ ਪਿੱਛੇ ਹਟਦੇ ਹਟਦੇ ਕੱਚੇ ਬਨੇਰੇ ਤੋਂ ਡਿੱਗ ਪਏ।ਹੇਠਾਂ ਡਿੱਗਦੇ ਸਾਰ ਕੁਤਰੇ ਵਾਲੀ ਮਸ਼ੀਨ ਚ ਲੱਗਿਆ ਕਿੱਲ ਗੱਲ ਦੇ ਆਰ ਪਾਰ ਹੋ ਗਿਆ। ਕਈ ਦਿਨ ਪੱਟੀਆਂ ਹੋਈਆਂ। ਕਾਫੀ ਸਮੇਂ ਬਾਅਦ ਜ਼ਖਮ ਭਰਿਆ।
ਸਕੂਲ ਨੌਵੇਂ ਸਾਲ ਵਿੱਚ ਮਸਾਂ ਸਕੀਮਾਂ ਲਾ ਕੇ ਪਹਿਲੀ ਜਮਾਤ ਵਿੱਚ ਦਾਖਲਾ ਲਿਆ। ਮਾਸਟਰ ਬਦਲ ਗਿਆ ਸੀ। ਮਾਸਟਰ ਕਰਮ ਚੰਦ ਨੇ ਅਣਖੀ ਨੂੰ ਪੰਜਾਬੀ ਅੰਗਰੇਜ਼ੀ ਉਰਦੂ ਚੌਥੀ ਤੱਕ ਸਿੱਖਾ ਦਿੱਤਾ ਸੀ।

ਅਣਖੀ ਦੀ ਸਾਹਿਤਕ ਸਿਰਜਣਾ ਦੇ ਬੂਟੇ ਦੀਆਂ ਜੜ੍ਹਾਂ ਵਿੱਚ ਦੋ ਪਾਤਰਾਂ ਨੇ ਖਾਦ, ਮਿੱਟੀ ਅਤੇ ਪਾਣੀ ਪਾਉਣ ਦਾ ਕੰਮ ਕੀਤਾ। ਇਹ ਦੋ ਪਾਤਰ ਸਨ ਸਦੀਕ ਅਤੇ ਚੇਤ ਰਾਮ (ਚੇਤੂ) ਸਦੀਕ ਮਰਾਸੀਆਂ ਦਾ ਮੁੰਡਾ ਅਣਖੀ ਦੇ ਹਾਣ ਦਾ। ਇੱਕ ਦੂਜੇ ਦੇ ਆਉਣਾ ਜਾਣਾ ਲੱਗਿਆ ਰਹਿੰਦਾ। ਉਸ ਦੇ ਘਰ ਸੰਗੀਤਕ ਮਹਿਫ਼ਲਾਂ ਲੱਗਦੀਆਂ ਰਹਿੰਦੀਆਂ। ਇਹ ਸੰਗੀਤ ਦੇ ਆਨੰਦ ਨੂੰ ਅਣਖੀ ਨੇ ਦਿਲੋਂ ਮਹਿਸੂਸ ਕੀਤਾ। ਨੂਰ ਰਾਜ਼ੀ ਦੀ ਦਰਗਾਹ ਤੇ ਕੱਵਾਲੀਆਂ ਦਾ ਉਰਸ ਹੁੰਦਾ ਤਾਂ ਅਣਖੀ ਉਪਰ ਇਹਨਾਂ ਕੱਵਾਲੀਆਂ ਦੀ ਸ਼ਾਇਰੀ ਦਾ ਪ੍ਰਭਾਵ ਪਿਆ। 47 ਤੋਂ ਬਾਅਦ ਮਹਿਫ਼ਲਾਂ ਉੱਜੜ ਗਈਆਂ। ਸਦੀਕ ਵੀ ਪਾਕਿਸਤਾਨ ਚਲਿਆ ਗਿਆ। ਅਣਖੀ ਨੇ ਸਦੀਕ ਦੀ ਯਾਦ ਵਿੱਚ ਕਹਾਣੀ ਵੀ ਲਿਖੀ ਸੀ 'ਮੁੜ ਆ ਸਦੀਕ' ਅਤੇ 'ਆਪਣੇ ਘੜੇ ਦਾ ਪਾਣੀ'। ਮਾਸੀ ਦਾ ਮੁੰਡਾ ਚੇਤ ਰਾਮ ਕਿੱਸਿਆਂ ਨੂੰ ਪੜ੍ਹਨ ਦਾ ਸ਼ੌਕੀਨ ਸੀ। ਰੂਪ ਬਸੰਤ, ਨਲ ਦਮਯੰਤੀ, ਜਾਨੀ ਚੋਰ, ਪੂਰਨ ਭਗਤ। ਉਸਦੀ ਆਵਾਜ਼ ਟੱਲੀ ਵਰਗੀ ਸੀ। ਸਿਆਲ ਦੀਆਂ ਲੰਮੀਆਂ ਰਾਤਾਂ ਵਿੱਚ ਅੱਧੀ ਰਾਤ ਤੱਕ ਸੱਥ ਵਿੱਚ ਬੈਠ ਉਹ ਕਿੱਸੇ ਪੜ੍ਹਦਾ। ਅਣਖੀ ਘਰ ਤੋਂ ਚੋਰੀ ਉਸਦੇ ਨਾਲ ਜਾਂਦਾ। ਇਹਨਾਂ ਕਿੱਸਿਆਂ ਦਾ ਪ੍ਰਭਾਵ ਅਣਖੀ ਦੀ ਮੁੱਢਲੀ ਕਵਿਤਾ ਅਤੇ ਗਾਇਨ ਸ਼ੈਲੀ ਉੱਪਰ ਪਿਆ।

ਅੱਠਵੀਂ ਜਮਾਤ ਵਿੱਚ ਅਣਖੀ ਨੇ ਭਾਈ ਜੀਵਨ ਸਿੰਘ ਚਤਰ ਸਿੰਘ ਤੋਂ ਵਾਰਿਸ ਦੀ ਹੀਰ ਮੰਗਵਾਈ। ਘਰੋਂ ਗਾਲ੍ਹਾਂ ਵੀ ਪਈਆਂ। 7- 8 ਵਾਰ ਅਣਖੀ ਨੇ ਹੀਰ ਨੂੰ ਪੜ੍ਹਿਆ ਵੀ ਅਤੇ ਗਾਇਆ ਵੀ। ਸਦੀਕ ਅਤੇ ਚੇਤੂ ਨੇ ਅਣਖੀ ਦੀ ਸਾਹਿੱਤਕ ਸਿਰਜਣਾ ਦੇ ਬੀਜ ਨੂੰ ਪੁੰਗਰਨ ਲਈ ਖਾਦ ਪਾਣੀ ਦਾ ਕੰਮ ਕੀਤਾ। ਬਚਪਨ ਦੇ ਤਿੰਨੋ ਪੱਖ ਪਹਿਲਾਂ ਸ਼ਰਾਰਤਾਂ, ਦੂਜਾ ਮਾਸਟਰ ਕਰਮ ਚੰਦ ਤੋਂ ਸਿੱਖਿਆ ਨਾਲ ਵਿਚਾਰਾਂ ਦੀ ਪਰਪੱਕਤਾ ਤੇ ਤੀਸਰਾ ਸਦੀਕ ਤੇ ਚੇਤੂ ਤੋਂ ਸਾਹਿੱਤਕ ਚੇਟਕ ਦਾ ਲੱਗਣਾ।

ਪ੍ਰਾਇਮਰੀ ਪਿੰਡ ਧੌਲ਼ਾ ਤੋਂ ਮਿਡਲ ਹੰਡਿਆਏ ਤੋਂ ਦਸਵੀਂ ਸਰਕਾਰੀ ਹਾਈ ਸਕੂਲ ਬਰਨਾਲਾ ਤੋਂ ਕਰਕੇ ਮਹਿੰਦਰਾ ਕਾਲਜ ਪਟਿਆਲਾ ਤੱਕ ਦਾ ਸਫ਼ਰ ਤੈਅ ਕੀਤਾ। ਪਿੰਡ ਧੌਲ਼ੇ ਪੁਲਿਸ ਚੌਂਕੀ ਦੇ ਵਿਰੋਧ ਵਿੱਚ ਪਰਜਾ ਮੰਡਲ ਵੱਲੋਂ ਆਰੰਭੇ ਘੋਲ ਵਿੱਚ ਸੰਪੂਰਨ ਸਿੰਘ ਧੌਲ਼ਾ ਨੂੰ ਬਰਨਾਲਾ ਜੇਲ੍ਹ ਵਿਖੇ ਰੱਖਿਆ ਗਿਆ। ਰਾਮ ਸਰੂਪ ਅਣਖੀ ਦੀ ਕਵਿਤਾ "ਚੰਦਾ ਚੌਕੀ ਦਾ ਦੱਸ ਇਹ ਭਰਨ ਕਿੱਥੋਂ" ਜੋ ਰਿਆਸਤੀ ਦੁਨੀਆਂ ਦੇ ਪੂਰੇ ਸਫ਼ੇ ਉੱਤੇ ਛਪੀ ਸੀ। ਉਦੋਂ ਉਹ ਦਸਵੀਂ ਜਮਾਤ ਵਿੱਚ ਸਨ। ਸੰਪੂਰਨ ਸਿੰਘ ਧੌਲ਼ਾ ਨੇ ਇਹ ਕਵਿਤਾ ਪੜ੍ਹੀ। ਪਿੰਡ ਆ ਕੇ ਕਿਹਾ ਕਿ ਰਾਮ ਸਰੂਪ ਨੂੰ ਬੀ.ਏ. ਮਹਿੰਦਰਾ ਕਾਲਜ ਚੋਂ ਕਰਵਾ ਕੇ ਵੱਡਾ ਅਫ਼ਸਰ ਬਣਾਵਾਂਗੇ। ਫਿਰ ਕੀ ਸੀ ਪੈਪਸੂ ਦੀ ਆਰਜ਼ੀ ਸਰਕਾਰ ਬਣੀ ਜਿਸ ਵਿੱਚ ਸੰਪੂਰਨ ਸਿੰਘ ਨੂੰ ਮੁੜ ਵਸੇਬਾ ਮੰਤਰੀ ਬਣਾਇਆ ਗਿਆ। ਰਾਮ ਸਰੂਪ ਅਣਖੀ ਨੂੰ ਨਾਲ ਲੈ ਗਏ।ਮਹਿੰਦਰਾ ਕਾਲਜ ਵਿੱਚ ਪੁਰਾਣੇ ਜਮਾਤੀ ਗੁਰਸੇਵਕ ਸਿੰਘ ਢਿੱਲੋ (ਕੇਵਲ ਸਿੰਘ ਢਿੱਲੋ ਦੇ ਪਿਤਾ ਜੀ) ਸੁਖਮਿੰਦਰ ਸਿੰਘ ਭੱਠਲ ਮਿਲ ਗਏ। ਇਹ ਸਾਰੇ ਦੋਸਤ ਬਰਨਾਲੇ ਵੀ ਸਕੂਲ ਵਿੱਚ ਇਕੱਠੇ ਪੜ੍ਹਦੇ ਸਨ। ਰਿਆਸਤੀ ਦੁਨੀਆਂ ਦੇ ਲੈਟਰ ਬਾਕਸ ਵਿੱਚੋਂ ਮੈਗਜ਼ੀਨ ਕੱਢ ਕੇ ਪੜ੍ਹਨਾ ਅਤੇ ਲਲਕਾਰ ਰਸਾਲੇ ਵਿੱਚ ਅਣਖੀ ਦੀਆਂ ਕਵਿਤਾਵਾਂ ਦਾ ਛਪਣਾ। 'ਅਣਖੀ' ਨਾਂ ਦੇ ਮੈਗਜ਼ੀਨ ਦਾ ਸੁਪਨਾ ਲੈਣਾ। 'ਅਣਖੀ' ਮੈਗਜ਼ੀਨ ਤਾਂ ਨਹੀਂ ਛਪਿਆ ਪਰ ਰਾਮ ਸਰੂਪ ਬਿਮਲ ਤੋਂ ਰਾਮ ਸਰੂਪ ਅਣਖੀ ਬਣ ਗਿਆ। ਕੋਠੀ ਤੋਂ ਹੋਸਟਲ ਵਿੱਚ ਰਹਿਣ ਲੱਗੇ। ਹੋਸਟਲ ਵਿੱਚ ਰਹਿਣ ਕਰਕੇ ਅਣਖੀ ਦੇ ਅੰਦਰਲਾ ਕਵੀ ਬਾਹਰ ਆ ਗਿਆ। ਮਿੱਤਰਾਂ ਨਾਲ ਰਲ ਕੇ ਪੰਜਾਬੀ ਸਾਹਿਤ ਸਭਾ ਬਣਾਈ। ਕਵੀ ਦਰਬਾਰ ਹੋਣ ਲੱਗੇ। ਵੱਡੇ- ਵੱਡੇ ਕਵੀ ਸ਼ਾਮਿਲ ਹੋਏ। (ਬਰਨਾਲੇ ਦੀ ਸਾਹਿਤ ਸਭਾ 1955 ਵਿੱਚ ਅਣਖੀ ਹੋਰਾਂ ਨੇ ਬਣਾਈ ਸੀ)
ਕਹਾਣੀਆਂ ਵੀ ਲਿਖਣੀਆਂ ਸ਼ੁਰੂ ਕੀਤੀਆਂ। ਪੰਜ ਦਰਿਆ ਵਿੱਚ ਛਪੀਆਂ। 'ਨੰਦੂ ਪ੍ਰੋਹਤ' ਪਹਿਲੀ ਕਹਾਣੀ ਲਿਖੀ। ਇਸ ਕਾਲਜ ਵਿੱਚ ਰਹਿੰਦਿਆਂ ਅਣਖੀ ਦੀ ਕਲਮ ਨੂੰ ਬੂਰ ਪਿਆ। ਮਹਿੰਦਰਾ ਕਾਲਜ ਵਿੱਚ ਵੀ ਬਿਤਾਏ ਦਿਨਾਂ ਦੀਆਂ ਅਨਗਿਣਤ ਯਾਦਾਂ ਨਾਲ ਲੈ ਕੇ ਪਿੰਡ ਵਾਪਸ ਪਰਤ ਆਏ।
ਅਣਖੀ ਸੰਗ ਕਿਰਸਾਨੀ

ਰਾਮ ਸਰੂਪ ਅਣਖੀ ਨੇ ਬਚਪਨ ਵਿੱਚ ਆਪਣੀ ਮਾਸੀ ਦੇ ਮੁੰਡੇ ਨੂੰ ਆਪਣੇ ਬਾਪੂ ਅਤੇ ਚਾਚੇ ਨਾਲ ਖੇਤੀ ਕਰਦਿਆਂ ਦੇਖਿਆ ਸੀ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੋਂ ਮਿਲੇ ਉਤਸ਼ਾਹ ਪਿੰਡ ਆ ਕੇ ਆਧੁਨਿਕ ਖੇਤੀ ਕਰਨ ਦਾ ਮਨ ਬਣਾਇਆ। ਅਸਰ ਰਸੂਖ਼ ਨਾਲ ਲੋਕ ਮਨਜ਼ੂਰ ਕਰਵਾ ਕੇ ਖੂਹ ਦੇ ਨਾਲ ਪੰਪ ਸੈੱਟ ਲਗਵਾ ਲਿਆ, ਜੋ ਕੱਸੀ ਦੀ ਮੋਘੀ ਨਾਲੋਂ ਚੌਗੁਣਾ ਪਾਣੀ ਦਿੰਦਾ ਸੀ। ਪਹਿਲੇ ਸਾਲ ਸੀਰੀ ਰੱਖ ਕੇ ਕਣਕ ਬੀਜੀ। ਪੈਸੇ ਦੀ ਬਹੁਤ ਤੰਗੀ ਸੀ। ਇੰਜਨ ਵਿੱਚ ਤੇਲ ਪਾਉਣ ਲਈ ਹਮੇਸ਼ਾ ਹੀ ਪੈਸਿਆਂ ਦੀ ਲੋੜ ਪੈਂਦੀ।
ਇੱਕ ਵੇਰ ਤਾਂ ਕਣਕ ਕੁਮਲਾ ਵੀ ਗਈ। ਅਣਖੀ ਨੇ ਆਪਣੀ ਘੜੀ ਵੇਚ ਕੇ ਤੇਲ ਲਿਆਂਦਾ। ਡੀਜ਼ਲ ਹੰਡਿਆਏ ਪੰਪ ਤੋਂ ਮਿਲਦਾ। ਸਾਰੇ ਰਾਹ ਕੱਚੇ, ਘਰ ਵਿੱਚ ਕਲੇਸ਼ ਛਿੜਿਆ ਰਹਿੰਦਾ। ਬਾਪੂ ਨਹੀਂ ਸੀ ਚਾਹੁੰਦਾ ਕਿ ਅਣਖੀ ਖੇਤੀ ਕਰੇ। ਉਹ ਚਾਹੁੰਦਾ ਸੀ ਕਿ ਮੁੰਡਾ ਪੜ੍ਹ ਲਿਖ ਕੇ ਪਟਵਾਰੀ ਲੱਗੇ। ਅਣਖੀ ਨੂੰ ਮਾਡਰਨ ਖੇਤੀ ਦਾ ਅਲੱਗ ਨਸ਼ਾ ਚੜ੍ਹਿਆ ਹੋਇਆ ਸੀ। ਕਣਕ ਵੇਚਣ ਤੋਂ ਬਾਅਦ ਹਿਸਾਬ ਲਾ ਕੇ ਦੇਖਿਆ ਤਾਂ ਖਰਚਾ ਵੱਧ ਹੋਇਆ ਸੀ। ਖੇਤੀ ਮਹਿਕਮੇ ਦੀਆਂ ਕਿਸ਼ਤਾਂ ਟੁੱਟ ਗਈਆਂ।
1955 ਵਿੱਚ ਐਨੀਆਂ ਬਾਰਸ਼ਾਂ ਆਈਆਂ ਕਿ ਕੱਚੇ ਕੋਠੇ ਢਹਿਣ ਲੱਗੇ। ਅਣਖੀ ਦੇ ਘਰੇ ਪਹਿਲਾਂ ਨੀਰੇ ਵਾਲੀ ਸਬਾਤ ਤੇ ਫੇਰ ਵਸੋਂ ਵਾਲੀ ਸਬਾਤ ਡਿੱਗੀ। ਵੀਹੀ ਵਾਲੀ ਕੱਚੀ ਕੰਧ ਵੀ ਬੈਠ ਗਈ। ਇੰਜਨ ਵਾਲੇ ਕੋਠੇ ਦੀ ਛੱਤ ਵੀ ਡਿੱਗ ਗਈ। ਮੀਂਹ ਕਾਰਨ ਕਪਾਹ ਤੇ ਮੱਕੀ ਦੀ ਫ਼ਸਲ ਮੱਚ ਗਈ। ਕੇਵਲ ਪੰਪ ਸੈੱਟ ਦਾ ਮਹਿਲ ਹੀ ਨਹੀਂ ਢਹਿ ਢੇਰੀ ਹੋਇਆ ਸਗੋਂ ਅਣਖੀ ਦੇ ਖੇਤੀ ਕਰਨ ਦੇ ਸੁਪਨਿਆਂ ਦਾ ਮਹਿਲ ਵੀ ਢਹਿ ਢੇਰੀ ਹੋ ਗਿਆ। ਉਸਨੇ ਸੋਚਿਆ ਸੀ ਕਿ ਇੰਡੀਆ ਗੇਟ ਵਰਗਾ ਗੇਟ ਲਾ ਕੇ ਅਣਖੀ ਫਾਰਮ ਲਿਖੇਗਾ।
ਇਸੇ ਕਰਕੇ ਨਿਮਨ ਕਿਸਾਨੀ ਦੀਆਂ ਦੁੱਖ ਤਕਲੀਫ਼ਾਂ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਯਥਾਰਥਕ ਰੂਪ ਵਿੱਚ ਪਰਿਵਰਤਿਤ ਹੋਈਆਂ। 'ਕੋਠੇ ਖੜਕ ਸਿੰਘ', 'ਦੁੱਲੇ ਦੀ ਢਾਬ', 'ਕਣਕਾਂ ਦਾ ਕਤਲੇਆਮ', 'ਸੁਲਗਦੀ ਰਾਤ', 'ਜ਼ਮੀਨਾਂ ਵਾਲੇ' ਨਾਵਲਾਂ ਦਾ ਪੈਰਾਡਾਈਮ ਥੁੜੇ ਟੁੱਟੇ ਕਿਸਾਨਾਂ ਦੀ ਤ੍ਰਾਸਦਿਕ
ਸਥਿਤੀ ਨੂੰ ਆਪਣੇ ਸਿਰਜੇ ਪਾਤਰਾਂ ਰਾਹੀਂ ਪੇਸ਼ ਹੋਈ ਹੈ।
ਰਾਮ ਸਰੂਪ ਅਣਖੀ ਇੱਕ ਵਿਅਕਤੀ ਨਹੀਂ ਸਗੋਂ ਇੱਕ ਸੰਸਥਾ ਸੀ। ਉਸ ਉੱਪਰ ਦੁੱਖਾਂ ਦੇ ਪਹਾੜ ਗਿਰੇ।ਪਰ ਉਹ ਨਾ ਡੋਲਿਆ ਨਾ ਘਬਰਾਇਆ ਸਗੋਂ ਦੁਸ਼ਵਾਰੀਆਂ ਭਰੇ ਆਲਮ ਵਿੱਚ ਵੀ ਹੋਰ ਨਿੱਖਰ ਕੇ ਸਾਹਮਣੇ ਆਇਆ। ਉਸ ਦੀ ਪਤਨੀ ਭਾਗਵੰਤੀ ਜਿਸ ਤੋਂ ਉਨ੍ਹਾਂ ਦੇ ਦੋ ਸਪੁੱਤਰ ਅਤੇ ਦੋ ਧੀਆਂ ਪੈਦਾ ਹੋਈਆਂ। ਹੁਣ ਸਨੇਹਪਾਲ ਡਾ: ਕ੍ਰਾਂਤੀਪਾਲ ਅਤੇ ਬੇਟੀ ਆਰਤੀ ਹਨ। ਭਾਗਵੰਤੀ ਬਹੁਤ ਲੰਮੀ ਬਿਮਾਰੀ ਭੋਗਦੇ ਹੋਏ ਨਵੰਬਰ 1976 ਵਿੱਚ ਸਰੀਰਕ ਤੌਰ ਤੇ ਵਿਛੋੜਾ ਦੇ ਗਏ। ਉਨ੍ਹਾਂ ਦੇ ਜਾਣ ਤੋਂ ਬਾਅਦ ਅਣਖੀ ਅੰਦਰੋਂ ਪੂਰੀ ਤਰ੍ਹਾਂ ਟੁੱਟ ਗਿਆ ਸੀ। ਬੱਚੇ ਛੋਟੀ ਉਮਰ ਦੇ ਸੀ। ਭਾਗਵੰਤੀ ਜੀ ਦੇ ਨਾਲ ਬਿਤਾਏ 22 ਵਰ੍ਹੇ ਉਨ੍ਹਾਂ ਦੀ ਜ਼ਿੰਦਗੀ ਦਾ ਅਨਮੋਲ ਸਰਮਾਇਆ ਸਨ। ਉਸਦੇ ਭੋਗ ਤੋਂ ਬਾਅਦ ਦੋਸਤਾਂ ਮਿੱਤਰਾਂ ਨੂੰ ਇੱਕ ਪੋਸਟ ਕਾਰਡ ਰਾਹੀਂ ਆਪਣੇ ਮਨ ਦੀ ਹਾਲਾਤ ਦਾ ਬਿਆਨ ਇਸ ਤਰ੍ਹਾਂ ਕੀਤਾ, "ਜਿੰਨਾ ਕੁ ਵੀ ਮੈਂ ਚੰਗਾ ਬਣ ਸਕਿਆ ਇਹ ਸਭ ਉਸੇ ਦੀ ਦੇਣ ਸੀ। ਔਝੜ ਰਾਹਾਂ ਉੱਤੇ ਤੁਰਨ ਤੋਂ ਉਹ ਮੈਨੂੰ ਸਦਾ ਹੀ ਰੋਕਦੀ ਟੋਕਦੀ ਰਹਿੰਦੀ ਤੇ ਫਿਰ ਮੇਰੇ ਲੇਖਕ ਬਣ ਜਾਣ ਵਿੱਚ ਉਸਦਾ ਬਹੁਤ ਵੱਡਾ ਹੱਥ ਰਿਹਾ। 22 ਸਾਲ ਦਾ ਸਮਾਂ ਥੋੜ੍ਹਾ ਨਹੀਂ। ਪਰ ਉਹ ਤਾਂ ਜਿਵੇਂ ਕੱਲ੍ਹ ਆਈ ਤੇ ਅੱਜ ਚਲੀ ਗਈ ਹੋਵੇ। ਸਭ ਕੁਝ ਹੀ ਬੀਤਿਆ ਸੁਪਨਾ ਬਣ ਕੇ ਰਹਿ ਗਿਆ ਹੈ। ਜ਼ਿੰਦਗੀ ਵੀ ਇੱਕ ਅਜੀਬ ਖੇਡ ਹੈ। ਕਿੰਝ ਕੋਈ ਮਿਲਦਾ ਹੈ ਤੇ ਇਨਾ ਚਿਰ ਕੋਲ ਰਹਿ ਕੇ ਛੱਡ ਜਾਂਦਾ ਹੈ। ਲੱਗਦਾ ਹੈ ਮੇਰਾ ਕੋਈ ਸੰਸਾਰ ਨਹੀਂ ਰਹਿ ਗਿਆ। ਤੁਸੀਂ ਖ਼ੁਦ ਆ ਕੇ ਜਾਂ ਖ਼ਤ ਲਿਖ ਕੇ ਮੈਨੂੰ ਜੋ ਦਿਲਾਸਾ ਦਿਤਾ ਤੇ ਮੇਰੇ ਦੁੱਖ ਵਿੱਚ ਸ਼ਰੀਕ ਹੋਏ ਮੇਰੇ ਲਈ ਉਹ ਬਹੁਤ ਹੈ। ਤੁਹਾਡਾ ਧੰਨਵਾਦ।

26.11.76 ਦੇ ਵਿਸ਼ੇਸ਼ 100ਵੇਂ ਅੰਕ ਭਾਗ ਤੀਜਾ ਕਹਾਣੀ ਪੰਜਾਬ ਵਿੱਚ ਮੇਰਾ ਇਕ ਆਰਟੀਕਲ 'ਇੱਕ ਸੀ ਮਾਂ ਭਾਗਵੰਤੀ' ਵਿੱਚ ਉਨ੍ਹਾਂ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਉਨ੍ਹਾਂ ਦੀ ਜ਼ਿੰਦਗੀ ਦਾ ਅਗਲਾ ਪੜਾਅ ਸ਼ੋਭਾ ਅਣਖੀ ਨਾਲ ਸ਼ੁਰੂ ਹੁੰਦਾ ਹੈ। 'ਰਾਮ ਸਰੂਪ ਅਣਖੀ ਦੀਆਂ ਯਾਦਾਂ ਦਾ ਸਿਰਨਾਵਾਂ ਸ਼ੋਭਾ ਅਣਖੀ'ਮੇਰਾ ਇੱਕ ਹੋਰ ਆਰਟੀਕਲ ਕਹਾਣੀ ਪੰਜਾਬ ਦੇ 100ਵੇਂ ਅੰਕ ਭਾਗ ਦੂਜਾ ਵਿੱਚ ਵਿਸਥਾਰ ਸਹਿਤ ਛਪਿਆ ਹੈ।

ਗੱਲ ਕੋਈ 1976 -77 ਦੀ ਹੋਵੇਗੀ ਜਦੋਂ ਅਣਖੀ ਦੀਆਂ ਰਚਨਾਵਾਂ ਹਿੰਦੀ ਮੈਗਜ਼ੀਨ 'ਸਾਰਿਕਾ' ਵਿੱਚ ਛਪਦੀਆਂ ਸਨ। ਅਣਖੀ ਦੇ ਪਾਠਕ ਜਿੰਨੇ ਪੰਜਾਬੀ ਵਿੱਚ ਹਨ ਉਸ ਤੋਂ ਕਿਤੇ ਵੱਧ ਹਿੰਦੀ ਦੇ ਪਾਠਕ ਵੀ ਉਨ੍ਹਾਂ ਨੂੰ ਪੜ੍ਹਦੇ ਸਨ। 'ਸਾਰਿਕਾ ' ਵਿੱਚ 'ਗਰਦਿਸ਼ ਕੇ ਦਿਨ' ਕਾਲਮ ਵਿੱਚ ਅਣਖੀ ਦਾ ਲੇਖ ਛਪਿਆ। ਜ਼ਿੰਦਗੀ ਵਿੱਚ ਇੱਕ ਖ਼ਲਾਅ ਇਕੱਲਾਪਣ ਉਤੋਂ ਚਾਰ ਬੱਚਿਆਂ ਦੋ ਬੇਟੇ ਦੋ ਬੇਟੀਆਂ ਦੀ ਜ਼ਿੰਮੇਵਾਰੀ। ਇਸ ਗਰਦਿਸ਼ ਭਰੇ ਆਲਮ ਦਾ ਹਾਲ ਆਪਣੇ ਲੇਖ ਵਿੱਚ ਲਿਖਿਆ। ਜਿਸ ਨੂੰ ਪੜ੍ਹ ਕੇ ਬਹੁਤ ਸਾਰੇ ਪਾਠਕਾਂ ਦੇ ਖ਼ਤ ਆਏ। ਜਿਨ੍ਹਾਂ ਵਿੱਚੋਂ ਇੱਕ ਖ਼ਤ ਸ਼ੋਭਾ ਪਾਟਿਲ ਦਾ ਵੀ ਸੀ। ਇੱਕ ਖ਼ਤ ਫੇਰ ਆਇਆ ਉਹ ਉਨ੍ਹਾਂ ਦੇ ਬੱਚਿਆਂ ਨੂੰ ਮਿਲਣਾ ਚਾਹੁੰਦੀ ਹੈ। ਇਸ ਗੱਲ ਨੇ ਅਣਖੀ ਨੂੰ ਅੰਦਰ ਤੱਕ ਹਿਲਾ ਦਿੱਤਾ। ਖ਼ਤਾਂ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ। ਆਖਿਰ ਅਜਮੇਰ ਵਿਖੇ ਪਹਿਲੀ ਮੁਲਾਕਾਤ ਹੋਈ।

ਸ਼ੋਭਾ ਪਾਟਿਲ ਮਹਾਰਾਸ਼ਟਰ ਦੇ ਨਾਗਪੁਰ ਦੀ ਰਹਿਣ ਵਾਲੀ ਸੀ। ਪਰ ਆਪਣੇ ਪਿਤਾ ਜੀ ਦੇ ਨਾਲ ਅਜਮੇਰ ਵਿੱਚ ਆਪਣੀਆਂ ਚਾਰ ਛੋਟੀਆਂ ਭੈਣਾਂ ਤੇ ਦੋ ਛੋਟੇ ਭਰਾਵਾਂ ਨਾਲ ਰਹਿ ਰਹੀ ਸੀ। ਉਸਦੇ ਪਿਤਾ ਰੇਲਵੇ ਵਿੱਚ ਅਕਾਊਂਟੈਂਟ ਕਲਰਕ ਸਨ।ਅਣਖੀ ਨੇ ਆਪਣੇ ਮਿੱਤਰਾਂ ਸੁਨੇਹੀਆਂ ਨਾਲ ਗੱਲਬਾਤ ਕਰਕੇ ਸਲਾਹ ਮਸ਼ਵਰਾ ਕਰਕੇ ਫ਼ੈਸਲਾ ਲਿਆ। ਕਹਾਣੀਕਾਰ ਗੁਰਚਰਨ ਚਾਹਲ ਭੀਖੀ ਨੇ ਵਿਚੋਲੇ ਅਤੇ ਪਰਿਵਾਰ ਦੇ ਮੈਂਬਰਾਂ ਵਾਂਗ ਅਣਖੀ ਅਤੇ ਸ਼ੋਭਾ ਦਾ ਵਿਆਹ ਹਾਥੀ ਪਾਟਾ ਗੁਰਦੁਆਰਾ ਅਜਮੇਰ ਵਿਖੇ ਆਨੰਦ ਕਾਰਜ ਕਰਵਾਇਆ। ਬਰਨਾਲੇ ਵਾਲੇ ਪਲਾਟ ਵਿਚ ਉਸਾਰੀ ਪਹਿਲਾਂ ਹੀ ਕਰਵਾਈ ਗਈ ਸੀ।ਅਣਖੀ ਸ਼ੋਭਾ ਜੀ ਨੂੰ ਬਰਨਾਲੇ ਹੀ ਲੈ ਕੇ ਆਏ ਸਨ।ਸ਼ੋਭਾ ਅਣਖੀ ਸਾਹਿਤ ਪੜ੍ਹਨ ਦੀ ਸ਼ੌਕੀਨ ਸੀ। ਉਹ ਬਹੁਤ ਸਾਰੇ ਰਸਾਲੇ ਪੜ੍ਹਦੀ। ਉਸਨੇ ਸਾਰੇ ਪਰਿਵਾਰ ਨੂੰ ਸਾਂਭਿਆ। ਆਰਤੀ ਦਾ ਵਿਆਹ ਕੀਤਾ। ਸਨੇਹਪਾਲ ਨੂੰ ਪਿੰਡ ਧੌਲ਼ੇ ਘਰ ਪਵਾ ਕੇ ਸ਼ਾਦੀ ਕੀਤੀ। ਕ੍ਰਾਂਤੀਪਾਲ ਉੱਚੀ ਤਾਲੀਮ ਕਰਕੇ ਪਹਿਲਾਂ ਐਸ.ਡੀ. ਕਾਲਜ ਬਰਨਾਲਾ ਫਿਰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਲੱਗਿਆ। ਵਿਆਹ ਹੋਇਆ ਪਟਿਆਲੇ ਡਾ: ਜਸਵਿੰਦਰ ਕੌਰ ਵੀਨੂ ਨਾਲ, ਜੋ ਹੁਣ ਡਾ. ਕ੍ਰਾਂਤੀਪਾਲ ਨਾਲ ਕਹਾਣੀ ਪੰਜਾਬ ਮੈਗਜ਼ੀਨ ਵਿੱਚ ਸਹਾਇਕ ਸੰਪਾਦਕ ਦਾ ਕੰਮ ਕਰ ਰਹੀ ਹੈ।
ਸ਼ੋਭਾ ਅਣਖੀ ਨੇ ਅਣਖੀ ਜੀ ਨੂੰ ਲਿਖਣ ਪੜ੍ਹਨ ਦਾ ਪੂਰਾ ਸਮਾਂ ਦਿੱਤਾ। ਉਸਦੇ ਦੋ ਬੇਟੀਆਂ ਸਵੀਟੀ ਅਤੇ ਨੀਤੀ ਪੈਦਾ ਹੋਈਆਂ।
ਉਹ ਹਰ ਰੋਜ਼ ਅਣਖੀ ਜੀ ਨਾਲ ਰੇਲਵੇ ਸਟੇਸ਼ਨ ਉੱਤੇ ਸੈਰ ਕਰਨ ਜਾਂਦੀ। ਦਰਅਸਲ ਉਹ ਹਰ ਗੱਡੀ ਵਿੱਚ ਆਪਣੇ ਪਿਤਾ ਜੀ ਨੂੰ ਚਿਤਵਦੀ। ਸਮਾਂ ਬੜੀ ਤੇਜ਼ੀ ਨਾਲ ਤੁਰਿਆ। ਸਮੇਂ ਨੇ ਕਰਵਟ ਲਈ 14 ਫਰਵਰੀ 2010 ਨੂੰ ਅਚਾਨਕ ਦੁੱਖਾਂ ਦਾ ਪਹਾੜ ਟੁੱਟਿਆ। ਅਣਖੀ ਜੀ ਸਦਾ ਲਈ ਅਲਵਿਦਾ ਕਹਿ ਗਏ। ਸ਼ੋਭਾ ਅਣਖੀ 27 ਮਈ 2019 ਨੂੰ ਵੀ ਉਨ੍ਹਾਂ ਕੋਲ ਚਲੀ ਗਈ। ਉਨ੍ਹਾਂ ਦੇ ਪਿੱਛੇ ਬਹੁਤ ਸਾਰੀਆਂ ਯਾਦਾਂ ਸਾਹਿਤ ਪਰਿਵਾਰ, ਲਿਖਣ ਕਮਰਾ ਅਜੇ ਵੀ ਜਿਉਂ ਦਾ ਤਿਉਂ ਹੈ।
ਕਹਾਣੀ ਪੰਜਾਬ ਦੀ ਗੱਲ ਨਾ ਕਰਾਂ ਤਾਂ ਅਧੂਰੀ ਹੋਵੇਗੀ। ਅਣਖੀ ਸਾਹਿਬ ਨੇ 1993 ਵਿੱਚ ਸ਼ੁਰੂ ਕੀਤਾ ਮੈਗਜ਼ੀਨ ਕਹਾਣੀ ਪੰਜਾਬ ਜੋ ਕਿ 2010 ਤੱਕ ਉਸਦੇ 67 ਅੰਕ ਛਪ ਚੁੱਕੇ ਸਨ। ਜੋ ਬਾਅਦ ਵਿੱਚ ਨਿਰੰਤਰ 100 ਅੰਕਾਂ ਤੱਕ ਤ੍ਰੈ ਮਾਸਿਕ ਡਾ: ਕ੍ਰਾਂਤੀਪਾਲ ਸੰਪਾਦਕ ਵਜੋਂ

ਪ੍ਰਕਾਸ਼ਿਤ ਕਰਦਾ ਰਿਹਾ ਹੈ। 100ਵੇ ਅੰਕਾਂ ਦੇ ਚਾਰ ਸਪੈਸ਼ਲ ਅੰਕ ਤੋਂ ਬਾਅਦ ਨਿਰੰਤਰ 400 ਪੰਨਿਆਂ ਦਾ ਕਹਾਣੀ ਪੰਜਾਬ ਹਰ ਸਾਲ ਮਿੱਥੇ ਸਮੇਂ ਉੱਤੇ ਢੇਰ ਸਾਰੀ ਮਿਆਰੀ ਸਾਹਿਤ ਸਮੱਗਰੀ ਨਾਲ ਪਾਠਕਾਂ ਦੇ ਹੱਥਾਂ ਵਿੱਚ ਆਉਂਦਾ ਹੈ।

ਅਣਖੀ ਜੀ ਨੇ ਪੰਜ ਕਾਵਿ ਸੰਗ੍ਰਹਿ ਇਹਨਾਂ ਵਿੱਚ ਹੀ 'ਕਣਕ ਦੀ ਕਹਾਣੀ”ਬੋਲੀਆਂ ਦੀ ਕਿਤਾਬ ਹੈ। 'ਸੁੱਤਾ ਨਾਗ' ਫ਼ਿਲਮ ਵਿੱਚ ਉਨ੍ਹਾਂ ਦੇ ਆਪਣੇ ਹੀ ਗੀਤ ਸ਼ਾਮਿਲ ਕੀਤੇ ਹੋਏ ਹਨ। 250 ਤੋਂ ਵੱਧ ਕਹਾਣੀਆਂ ਦੀ ਸਿਰਜਣਾ ਕੀਤੀ। ਕਹਾਣੀਆਂ ਲਿਖਦੇ ਲਿਖਦੇ ਗੁਰਬਚਨ ਭੁੱਲਰ ਅਤੇ ਨਾਵਲ ਲਿਖਣ ਦੇ ਗੁਰੂ ਮਿੱਤਰ ਸੁਖਬੀਰ ਦੇ ਕਹਿਣ ਉੱਤੇ ਨਾਵਲਾਂ ਦੀ ਸਿਰਜਣਾ ਕਰਨ ਲੱਗੇ। ਉਨ੍ਹਾਂ ਦਾ ਪਹਿਲਾ ਨਾਵਲ 'ਪਰਦਾ ਅਤੇ ਰੋਸ਼ਨੀ' ਅਤੇ ਆਖ਼ਰੀ ਨਾਵਲ 'ਪਿੰਡ ਦੀ ਮਿੱਟੀ' ਦੇ 24 ਕਾਂਡ ਲਿਖ ਚੁੱਕੇ ਸੀ ਤੇ ਲਿਖਦੇ ਲਿਖਦੇ ਦੁਨੀਆਂ ਤੋਂ ਰੁਖ਼ਸਤ ਹੋ ਗਏ।ਕੁੱਲ 21ਨਾਵਲ ਛਪੇ ਹਨ।

ਲੇਖਕਾਂ ਦੀਆਂ ਪਤਨੀਆਂ ਦੀਆਂ ਮੁਲਾਕਾਤਾਂ ਚਾਰ ਪੁਸਤਕਾਂ 'ਮੈਂ ਤਾਂ ਬੋਲਾਂਗੀ' ਦੇ ਨਾਂ ਹੇਠ ਛਪੀਆਂ।ਕਿੰਨੇ ਹੀ ਕਹਾਣੀ ਸੰਗ੍ਰਹਿ ਸੰਪਾਦਿਤ ਕੀਤੇ। ਵਾਰਤਕ ਵਿੱਚ ਸਵੈਜੀਵਨੀ ਮਲ੍ਹੇ ਝਾੜੀਆਂ, ਕਿਵੇਂ ਲੱਗਿਆ ਇੰਗਲੈਂਡ, ਸਫ਼ਰਨਾਮਾ ਆਪਣੀ ਮਿੱਟੀ ਦੇ ਰੁੱਖ ਸਵੈਜੀਵਨੀ ਮੋਏ ਮਿੱਤਰਾਂ ਦੀ ਸ਼ਨਾਖ਼ਤ। ਉਹ ਕਲਮ ਦੇ ਕਾਮੇ ਸਨ। ਲਿਖਣ ਕਰਕੇ ਉਨ੍ਹਾਂ ਦੀ ਹਥੇਲੀ ਤੇ ਅੱਟਣ ਪੈ ਗਏ ਸਨ। ਬਹੁਤ ਕੁੱਝ ਲਿਖਿਆ, ਬਹੁਤ ਕੁੱਝ ਪੜ੍ਹਿਆ। ਮਿੱਤਰਾਂ ਦੇ ਮਿੱਤਰ। ਉਨ੍ਹਾਂ ਆਪਣੇ ਤੋਂ ਛੋਟੇ ਲੇਖਕਾਂ ਦੇ ਸਿਰ ਤੇ ਹੱਥ ਰੱਖਿਆ ਬਹੁਤ ਸਾਰੇ ਕਹਾਣੀਕਾਰ ਪੈਦਾ ਕੀਤੇ। ਕਹਾਣੀਕਾਰਾਂ ਦੀ ਟਕਸਾਲ ਪੈਦਾ ਕੀਤੀ। ਜਿੰਨਾਂ ਵਿੱਚੋਂ ਪੰਜ ਤਾਂ ਇੱਥੇ ਬੈਠੇ ਹਨ,ਬੂਟਾ ਸਿੰਘ ਚੌਹਾਨ, ਅਨੇਮਨ ਸਿੰਘ, ਅਮਰਜੀਤ ਮਾਨ, ਸੁਖਦੇਵ ਮਾਨ, ਜਸਵੀਰ ਰਾਣਾ ,ਜਤਿੰਦਰ ਹਾਂਸ ,ਪਵਨ ਪਰਿੰਦਾ, ਭੁਪਿੰਦਰ ਸਿੰਘ ਬੇਦੀ, ਭੋਲਾ ਸਿੰਘ ਸੰਘੇੜਾ, ਗੁਰਪਾਲ ਸਿੰਘ ਨੂਰ, ਵੀਨਾ ਵਰਮਾ , ਭਗਵੰਤ ਰਸੂਲਪੁਰੀ, ਜਿੰਦਰ ,ਬਲਵੀਰ ਪਰਵਾਨਾ, ਜਸਪਾਲ ਮਾਣਖੇੜਾ,ਦਿਲਜੀਤ ਸ਼ਾਹੀ,ਕੇਸਰਾ ਰਾਮ,ਗਵਰਧਨ ਗੱਬੀ, ਜਸਵੀਰ ਕਲਸੀ,ਗੁਰਮੀਤ ਕੜਿਆਲਵੀ ਅਤੇ ਹੋਰ।

ਉਨ੍ਹਾਂ ਦੇ ਅੰਤਿਮ ਨਾਵਲ ਦੇ ਅੰਤ ਵਿਚ ਲਿਖੇ ਆ ਬੋਲ
ਬੜੇ ਸ਼ੌਕ ਸੇ ਸੁਣ ਰਹਾ ਥਾ ਜ਼ਮਾਨਾ
ਤੁਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ